# ਐਲੀਮੈਂਟਰੀ ਸਕੂਲ ਵਿਚ EQAO ਟੈਸਟ

## ਮਾਤਾ ਪਿਤਾ ਲਈ ਇਕ ਗਾਈਡ

Education Quality and Accountability Office

EQAO



ਪੜ੍ਹਨ, ਲਿਖਣ ਅਤੇ ਗਣਿਤ ਦਾ ਮੁਲਾਂਕਣ, ਪ੍ਰਾਇਮਰੀ ਡਿਵੀਯਨ (Primary Division) (ਗਰੇਡ 1-3) ਅਤੇ ਜੂਨੀਅਰ ਡਿਵੀਯਨ (Junior Division) (ਗਰੇਡ 4-6)

ਇਹ ਕਿਤਾਬਚੀ ਤੁਹਾਨੂੰ ਉਹ ਦੋ EQAO ਟੈਸਟ ਜੋ ਓਨਟਾਰੀਓ ਦੇ ਵਿਦਿਆਰਥੀ ਐਲੀਮੈਂਟਰੀ ਸਕੂਲ ਵਿਚ ਦੇਂਦੇ ਹਨ ਅਤੇ ਤੁਸੀਂ ਆਪਣੇ ਬੱਚੇ ਨੂੰ ਸਹਾਇਤਾ ਕਰਨ ਲਈ ਇਨ੍ਹਾਂ ਦੇ ਨਤੀਜਿਆਂ ਨੂੰ ਕਿਸ ਤਰ੍ਹਾਂ ਇਸਤੇਮਾਲ ਕਰ ਸਕਦੇ ਹੋ ਨੂੰ ਸਮਝਣ ਵਿਚ ਸਹਾਇਤਾ ਕਰੇਗੀ।

ਪੂਰੇ ਓਨਟਾਰੀਓ ਵਿਚ ਵਿਦਿਆਰਥੀ ਆਪਣੀ ਐਲੀਮੈਂਟਰੀ ਅਤੇ ਸੈਕੰਡਰੀ ਸਕੂਲ ਸਿੱਖਿਆ ਦੇ ਅਹਿਮ ਪੜਾਵਾਂ ਤੇ ਆਪਣੇ ਪੜ੍ਹਨ, ਲਿਖਣ ਅਤੇ ਗਣਿਤ ਦੀਆਂ ਕੁਸ਼ਲਤਾਵਾਂ ਦੇ ਮੁਲਾਂਕਣ ਲਈ ਪੂਰੇ ਸੂਬੇ ਵਿਚ ਹੋਣ ਵਾਲੇ ਟੈਸਟ ਦੇਂਦੇ ਹਨ:

**ਗਰੇਡ 3** — ਪ੍ਰਾਇਮਰੀ ਡਿਵੀਯਨ ਦੇ ਅਖ਼ੀਰ ਵਿਚ ਸਾਖਰਤਾ ਅਤੇ ਗਣਿਤ ਦਾ ਟੈਸਟ ਲਿਆ ਜਾਂਦਾ ਹੈ

**ਗਰੇਡ 6** — ਜੂਨੀਅਰ ਡਿਵੀਯਨ ਦੇ ਅਖ਼ੀਰ ਤੇ ਸਾਖਰਤਾ ਅਤੇ ਗਣਿਤ ਦਾ ਟੈਸਟ ਲਿਆ ਜਾਂਦਾ ਹੈ

**ਗਰੇਡ 9** — ਸੈਕੰਡਰੀ ਸਕੂਲ ਦੇ ਪਹਿਲੇ ਸਾਲ ਵਿਚ ਗਣਿਤ ਦਾ ਟੈਸਟ ਲਿਆ ਜਾਂਦਾ ਹੈ

**ਗਰੇਡ 10** — ਗਰੈਜੂਏਸ਼ਨ ਲਈ ਸਾਖਰਤਾ ਦਾ ਟੈਸਟ ਜ਼ਰੂਰੀ ਹੈ

ਇਹ ਟੈਸਟ ਸਿੱਖਿਆ ਮੰਤਰਾਲੇ ਦੀ ਇਕ ਅਹਿਮ ਏਜੰਸੀ Education Quality and Accountability Office (EQAO) ਵੱਲੋਂ ਕਰਵਾਏ ਜਾਂਦੇ ਹਨ।

## ਪ੍ਰਾਇਮਰੀ ਡਿਵੀਯਨ (ਗਰੇਡ 1 ਤੋਂ 3) ਅਤੇ ਜੂਨੀਅਰ ਡਿਵੀਯਨ (ਗਰੇਡ 4 ਤੋਂ 6) ਦੇ ਪੜ੍ਹਨ, ਲਿਖਣ ਅਤੇ ਗਣਿਤ ਦੇ ਮੁਲਾਂਕਣ ਬਾਰੇ

- ਪ੍ਰਾਇਮਰੀ ਡਿਵੀਯਨ ਦੇ ਮੁਲਾਂਕਣ ਟੈਸਟ ਵਿਚ ਪੜ੍ਹਨ, ਲਿਖਣ ਅਤੇ ਗਣਿਤ ਦੀਆਂ ਉਨ੍ਹਾਂ ਕੁਸ਼ਲਤਾਵਾਂ ਦਾ ਟੈਸਟ ਲਿਆ ਜਾਂਦਾ ਹੈ, ਜਿਨ੍ਹਾਂ ਦੀ ਵਿਦਿਆਰਥੀਆਂ ਦੇ ਗਰੇਡ 3 ਦੇ ਅਖ਼ੀਰ ਤਕ ਸਿੱਖ ਚੁਕਣ ਦੀ ਆਸ ਹੁੰਦੀ ਹੈ।
- ਜੂਨੀਅਰ ਡਿਵੀਯਨ ਦੇ ਮੁਲਾਂਕਣ ਟੈਸਟ ਵਿਚ ਪੜ੍ਹਨ, ਲਿਖਣ ਅਤੇ ਗਣਿਤ ਦੀਆਂ ਉਨ੍ਹਾਂ ਕੁਸ਼ਲਤਾਵਾਂ ਦਾ ਟੈਸਟ ਲਿਆ ਜਾਂਦਾ ਹੈ, ਜਿਨ੍ਹਾਂ ਦੀ ਵਿਦਿਆਰਥੀਆਂ ਦੇ ਗਰੇਡ 6 ਦੇ ਅਖ਼ੀਰ ਤਕ ਸਿੱਖ ਚੁਕਣ ਦੀ ਆਸ ਹੁੰਦੀ ਹੈ।
- ਇਹ ਟੈਸਟ ਮਈ ਦੇ ਅਖ਼ੀਰ ਅਤੇ ਜੂਨ ਦੇ ਸ਼ੁਰੂ ਦੇ ਦੋ ਹਫ਼ਤਿਆਂ ਦੌਰਾਨ ਲਏ ਜਾਂਦੇ ਹਨ। ਇਸ ਸਮੇਂ ਦੌਰਾਨ ਹਰ ਸਕੂਲ ਆਪਣੀਆਂ ਸਹੀ ਤਾਰੀਖ਼ਾਂ ਨਿਸ਼ਚਤ ਕਰਦਾ ਹੈ।

ਓਨਟਾਰੀਓ ਦੇ ਪੂਰੇ ਸੂਬੇ ਦੇ ਟੈਸਟਿੰਗ ਪ੍ਰੋਗਰਾਮ ਦੇ ਇਹ ਦੋ ਪਹਿਲੇ ਮੁਲਾਂਕਣ ਹਨ। ਇਹ ਸੂਬਾਈ ਮਿਆਰਾਂ ਦੇ ਸਬੰਧ ਵਿਚ ਤੁਹਾਡੇ ਬੱਚੇ ਦੀ ਸਫਲਤਾ ਬਾਰੇ ਅਹਿਮ ਜਾਣਕਾਰੀ ਉਪਲਬਧ ਕਰਦੇ ਹਨ।

## ਕੀ ਮੇਰੇ ਬੱਚੇ ਨੂੰ EQAO ਟੈਸਟ ਦੇਣੇ ਪੈਣਗੇ?

ਉਹ ਸਾਰੇ ਵਿਦਿਆਰਥੀ ਜੋ ਓਨਟਾਰੀਓ ਵਿਚ ਸਰਕਾਰੀ ਫੰਡ ਨਾਲ ਚਲਣ ਵਾਲੇ ਸਕੂਲਾਂ ਵਿਚ ਪੜ੍ਹਦੇ ਹਨ ਅਤੇ ਜੋ *ਓਨਟਾਰੀਓ ਪਾਠਕ੍ਰਮ (The Ontario Curriculum)* ਦੇ ਅਨੁਸਾਰ ਪੜ੍ਹਦੇ ਹਨ, ਨੂੰ EQAO ਦੇ ਸੂਬਾਈ ਟੈਸਟ ਦੇਣੇ ਪੈਂਦੇ ਹਨ। ਇਹ ਟੈਸਟ ਸੂਬਾ ਦੇ ਸਿੱਖਿਆ ਪ੍ਰੋਗਰਾਮ ਦੇ ਹਿੱਸਾ ਹਨ।

ਜਿਨ੍ਹਾਂ ਬੱਚਿਆਂ ਦੀਆਂ ਸਿੱਖਿਆ ਦੀਆਂ ਵਿਸ਼ੇਸ਼ ਜ਼ਰੂਰਤਾਂ ਹਨ, ਉਨ੍ਹਾਂ ਨੂੰ ਕੁਝ ਉਹ ਸਹੂਲਤਾਂ ਦੇਣ ਦੀ ਆਗਿਆ ਹੈ, ਜੋ ਸੂਬਾਈ ਟੈਸਟਾਂ ਵਿਚ ਕਲਾਸਰੂਮ ਵਿਚ ਬਾਕਾਇਦਾ ਜ਼ਾਇਜ਼ਾ ਲੈਣ ਦੇ ਅਮਲ ਦੇ ਅਨੁਕੂਲ ਹੁੰਦੀਆਂ ਹਨ। ਅੰਗਰੇਜ਼ੀ ਭਾਸ਼ਾ ਸਿੱਖਣ ਵਾਲਿਆਂ ਨੂੰ ਵੀ ਵਿਸ਼ੇਸ਼ ਧਾਰਾਵਾਂ ਦੀ ਆਗਿਆਂ ਦਿੱਤੀ ਜਾ ਸਕਦੀ ਹੈ। ਜੇ ਕੋਈ ਵਿਦਿਆਰਥੀ ਵਿਸ਼ੇਸ਼ ਸਹੂਲਤਾਂ ਦੇ ਨਾਲ ਵੀ ਪੂਰੇ ਟੈਸਟ ਜਾਂ ਅੱਧਾ ਟੈਸਟ ਨਾ ਦੇ ਸਕੇ – ਤਾਂ ਪ੍ਰਿੰਸੀਪਲ ਸੂਕਲ ਦੇ ਸਟਾਫ ਅਤੇ ਮਾਤਾ/ਪਿਤਾ ਜਾਂ ਗਾਰਡੀਅਨ ਨਾਲ ਸਲਾਹ ਮਸ਼ਵਰਾ ਕਰਕੇ – ਉਸਨੂੰ ਟੈਸਟ ਤੋਂ ਛੋਟ ਦੇ ਸਕਦਾ/ਸਕਦੀ ਹੈ।

## EQAO ਟੈਸਟ ਵਿਚ ਕੀ ਹੁੰਦਾ ਹੈ?

EQAO ਟੈਸਟਾਂ ਵਿਚ ਹਰ ਇਕ ਸਵਾਲ *ਓਨਟਾਰੀਓ ਪਾਠਕ੍ਰਮ* ਵਿਚ ਸਿੱਖਣ ਬਾਰੇ ਜੋ ਉਮੀਦਾਂ ਪੇਸ਼ ਕੀਤੀਆਂ ਗਈਆਂ ਹਨ, ਤੇ ਆਧਾਰਿਤ ਹੁੰਦਾ ਹੈ, ਅਤੇ ਜੋ ਕੁਝ ਵਿਦਿਆਰਥੀ ਹਰ ਰੋਜ਼ ਕਲਾਸਰੂਮ ਵਿਚ ਪੜ੍ਹ ਅਤੇ ਸਿੱਖ ਰਹੇ ਹੁੰਦੇ ਹਨ।



## ਕੀ ਮੇਰੇ ਬੱਚੇ ਨੂੰ ਟੈਸਟ ਲਈ ਪੜ੍ਹਨਾ ਪਏਗਾ?

ਕਿਉਂ ਜੋ EQAO ਟੈਸਟ ਪੂਰੀ ਤਰ੍ਹਾਂ *ਓਨਟਾਰੀਓ ਪਾਠਕ੍ਰਮ*, ਜੋ ਕਲਾਸਰੂਮ ਵਿਚ ਦਿੱਤੇ ਜਾਣ ਵਾਲੇ ਸਾਰੇ ਗਿਆਨ ਦਾ ਸਰੋਤ ਹੈ, ਤੇ ਆਧਾਰਿਤ ਹਨ, ਇਸ ਲਈ ਟੈਸਟਾਂ ਲਈ ਵਿਸ਼ੇਸ਼ ਤਿਆਰੀ ਦੀ ਜ਼ਰੂਰਤ ਨਹੀਂ ਹੈ। EQAO ਦੇ ਐਲੀਮੈਂਟਰੀ (ਸ਼ੁਰੂਆਤੀ) ਟੈਸਟ ਵਿਦਿਆਰਥੀ ਦੀ ਇਹ ਯੋਗਤਾ ਮਾਪਦੇ ਹਨ

- ਕੀ ਉਹ ਜੋ ਕੁਝ ਵੱਖ ਵੱਖ ਕਿਤਾਬਾਂ ਵਿਚ ਪੜ੍ਹਦੇ ਹਨ ਉਨ੍ਹਾਂ ਨੂੰ ਸਮਝਦੇ ਹਨ ਕਿ ਨਹੀਂ;
- ਕੀ ਉਹ ਸਹੀ ਗਰਾਮਰ (ਵਿਆਕਰਣ), ਸਪੈਲਿੰਗ (ਸ਼ਬਦ ਜੋੜ) ਅਤੇ ਸਹੀ ਪੰਕਚੁਏਸ਼ਨ (ਵਿਰਾਮ-ਚਿੰਨ੍ਹ) ਇਸਤੇਮਾਲ ਕਰਕੇ ਆਪਣੇ ਵਿਚਾਰ ਲਿਖ ਸਕਦੇ ਹਨ ਕਿ ਨਹੀਂ ਅਤੇ
- ਸਵਾਲ ਹੱਲ ਕਰਨ ਲਈ, ਗਣਿਤ ਦੇ ਸਹੀ ਤਰੀਕੇ ਇਸ਼ਤੇਮਾਲ ਕਰ ਸਕਦੇ ਹਨ ਕਿ ਨਹੀਂ।

ਸਾਖਰਤਾ ਅਤੇ ਗਣਿਤ ਦੀਆਂ ਇਹ ਮੂਲਭੂਤ ਕੁਸ਼ਲਤਾਵਾਂ ਪੂਰਾ ਸਾਲ ਸਕੂਲ ਵਿਚ ਸਿਖਾਈਆਂ ਜਾਂਦੀਆਂ ਅਤੇ ਹਰ ਵਿਸ਼ੇ ਵਿਚ ਮੁੜ ਮੁੜ ਦੁਹਰਾਈਆਂ ਜਾਣੀਆਂ ਚਾਹੀਦੀਆਂ ਹਨ।

## ਮੈਂ ਟੈਸਟ ਦੇਣ ਵਿਚ ਆਪਣੇ ਬੱਚੇ ਦੀ ਕਿਸ ਤਰ੍ਹਾਂ ਸਹਾਇਤਾ ਕਰ ਸਕਦਾ/ਸਕਦੀ ਹਾਂ?

ਟੈਸਟ ਦੇਣ ਲਈ ਆਪਣੇ ਬੱਚੇ ਦੀ ਸਹਾਇਤਾ ਕਰਨ ਦਾ ਸਭ ਤੋਂ ਵਧੀਆ ਢੰਗ, ਸਕੂਲ ਵਿਚ ਪੂਰਾ ਸਾਲ ਉਸਦੇ ਸਫਲ ਹੋਣ ਵਿਚ ਮਦਦ ਕਰਨਾ ਹੈ। ਤੁਸੀਂ ਆਪਣੇ ਬੱਚੇ ਨੂੰ ਸੂਬਾਈ ਟੈਸਟਾਂ ਦੇ ਫਾਰਮੈਟ ਅਤੇ ਜਿਸ ਤਰ੍ਹਾਂ ਦੇ ਸਵਾਲ ਇਨ੍ਹਾਂ ਵਿਚ ਪੁੱਛੇ ਜਾਂਦੇ ਹਨ, ਨਾਲ ਜਾਣੂ ਕਰਵਾਉਣ ਵਿਚ ਸਹਾਇਤਾ ਕਰਨ ਲਈ ਤੁਸੀਂ www.eqao.com ਤੇ ਜਾਰੀ ਕੀਤੀ ਟੈਸਟ ਸਮੱਗਰੀ ਦਾ ਇਸਤੇਮਾਲ ਕਰ ਸਕਦੇ ਹੋ।

## EQAO ਨਤੀਜੇ ਕਦੋਂ ਅਤੇ ਕਿਵੇਂ ਜਾਰੀ ਕੀਤੇ ਜਾਂਦੇ ਹਨ?

ਸਕੂਲ ਦੇ ਅਗਲੇ ਸਾਲ ਦੇ ਸਤੰਬਰ ਵਿਚ ਨਤੀਜੇ ਜਾਰੀ ਕੀਤੇ ਜਾਣਗੇ। ਤੁਹਾਡੇ ਬੱਚੇ ਨੂੰ EQAO ਦੀ ਵਿਦਿਆਰਥੀ ਦੀ ਵੱਖਰੀ ਰਿਪੋਰਟ (Individual Student Report), ਜਾਂ ISR ਸਿੱਧਾ ਉਸਦੇ ਸਕੂਲ ਤੋਂ ਮਿਲੇਗੀ।

## EQAO ਨਤੀਜੇ ਕਿਸ ਤਰ੍ਹਾਂ ਦੱਸੇ ਜਾਂਦੇ ਹਨ?

EQAO ਨਤੀਜੇ ਸੂਬੇ ਦੇ ਚਾਰ ਸਫਲਤਾ ਪੱਧਰਾਂ ਦੇ ਅਨੁਸਾਰ ਦੱਸੇ ਜਾਂਦੇ ਹਨ। ਉਹੀ ਲੈਵਲਸ ਨੇ ਜੋ ਅਧਿਆਪਕ ਤੁਹਾਡੇ ਬੱਚੇ ਦੀ ਪ੍ਰਗਤੀ ਦੇ ਮੁਲਾਂਕਣ ਲਈ ਕਲਾਸਰੂਮ ਅਤੇ ਰਿਪੋਰਟ ਕਾਰਡਾਂ ਵਿਚ ਇਸਤੇਮਾਲ ਕਰਦੇ ਹਨ। ਸੂਬਾਈ ਮਿਆਰ ਪੱਧਰ 3 ਹੈ, ਜੋ B– ਤੋਂ B+ ਤਕ ਦੇ ਬਰਾਬਰ ਹੈ।

## ਕੀ EQAO ਨਤੀਜੇ ਮੇਰੇ ਬੱਚੇ ਦੇ ਗਰੇਡਾਂ ਵਿਚ ਸ਼ਾਮਲ ਕੀਤੇ ਜਾਂਦੇ ਹਨ?

ਪ੍ਰੋਵਿਨਸ਼ਿਅਲ ਟੈਸਟਾਂ ਦੇ ਨਤੀਜੇ ਵਿਦਿਆਰਥੀਆਂ ਦੇ ਗਰੇਡਾਂ ਵਿਚ ਸ਼ਾਮਲ ਨਹੀਂ ਕੀਤੇ ਜਾਂਦੇ। ਉਹ ਵਧੀਕ ਜਾਣਕਾਰੀ ਉਪਲਬਧ ਕਰਦੇ ਹਨ, ਜਿਸਤੋਂ ਆਪਣੇ ਬੱਚੇ ਦੀ ਸਿੱਖਿਆ ਵਿਚ ਸਹਾਇਤਾ ਕਰਨ ਅਤੇ ਉਸਦਾ ਮੁਲਾਂਕਣ ਕਰਨ ਲਈ ਰਿਪੋਰਟ ਕਾਰਡ ਦੇ ਨਾਲ ਸਾਹਮਣੇ ਰੱਖਣਾ ਚਾਹੀਦਾ ਹੈ।

## EQAO ਨਤੀਜੇ ਮੇਰੇ ਬੱਚੇ ਬਾਰੇ ਮੈਨੂੰ ਕੀ ਦੱਸਦੇ ਹਨ?

EQAO ਟੈਸਟਾਂ ਦੇ ਨਤੀਜੇ ਸੂਬਾਈ ਮਿਆਰ ਦੇ ਸਬੰਧ ਵਿਚ ਤੁਹਾਡੇ ਬੱਚੇ ਦੀ ਸਫਲਤਾ ਦੇ ਅਹਿਮ ਸੂਚਕ ਹਨ। ਜਿਹੜੇ ਵਿਦਿਆਰਥੀ ਇਨ੍ਹਾਂ ਟੈਸਟਾਂ ਵਿਚ ਮਿਆਰ (ਲੈਵਲ 3 ਅਤੇ 4) ਤੇ ਜਾਂ ਇਸਤੋਂ ਵੱਧ ਤੇ ਪੂਰਾ ਉਤਰਦੇ ਹਨ, ਉਹ ਸਾਬਤ ਕਰਦੇ ਹਨ ਕਿ ਉਨ੍ਹਾਂ ਦੀ ਸਿੱਖਿਆ ਦੇ ਇਸ ਪੜਾਅ ਤੇ ਪੜ੍ਹਨ, ਲਿਖਣ ਅਤੇ ਹਿਸਾਬ ਦਾ ਜਿਹੜਾ ਗਿਆਨ ਅਤੇ ਜੋ ਕੁਸ਼ਲਤਾਵਾਂ ਜ਼ਰੂਰੀ ਸਨ, ਉਨ੍ਹਾਂ ਨੇ ਉਹ ਸਭ ਜਾਂ ਉਸ ਵਿਚ ਬਹੁਤ ਸਾਰਾ ਹਾਸਲ ਕਰ ਲਿਆ ਹੈ।

EQAO ਡੈਟਾ ਤੋਂ ਪਤਾ ਲਗਦਾ ਹੈ ਕਿ ਸ਼ੁਰੂ ਦੇ ਗਰੇਡਾਂ ਵਿਚ ਸੂਬਾਈ ਮਿਆਰ ਤੇ ਪੂਰਾ ਉਤਰਨ ਨਾਲ ਸੈਕੰਡਰੀ ਸੂਕਲ ਵਿਚ ਸਾਖਰਤਾ ਅਤੇ ਗਣਿਤ ਵਿਚ ਚੰਗੀ ਸਫਲਤਾ ਮਿਲਣ ਦਾ ਇਕ ਪੱਕਾ ਇਸ਼ਾਰਾ ਹੈ। ਜੇ ਤੁਹਾਡਾ ਬੱਚਾ ਗਰੇਡ 3 ਜਾਂ ਗਰੇਡ 6 ਵਿਚ ਮਿਆਰ ਤੇ ਪੂਰਾ ਨਹੀਂ ਉਤਰਦਾ ਤਾਂ ਤੁਹਾਡੇ ਬੱਚੇ ਨੂੰ ਸਫਲ ਹੋਣ ਵਿਚ ਸਹਾਇਤਾ ਲਈ ਵੱਧ ਧਿਆਨ ਦੇਣ ਦੀ ਜ਼ਰੂਰਤ ਹੋ ਸਕਦੀ ਹੈ।

ਫਿਰ ਵੀ, ਕੋਈ ਵੀ ਇਕੱਲਾ ਟੈਸਟ ਇਸ ਗੱਲ ਦੀ ਪੂਰੀ ਤਸਵੀਰ ਪੇਸ਼ ਨਹੀਂ ਕਰ ਸਕਦਾ ਕਿ ਤੁਹਾਡੇ ਬੱਚੇ ਨੇ ਕੀ ਕੀ ਸਿੱਖਿਆ ਹੈ। ਆਪਣੇ ਬੱਚੇ ਦੀਆਂ ਕੁਸ਼ਲਤਾਵਾਂ ਅਤੇ ਗਿਆਨ ਦੀ ਪੂਰੀ ਰੇਂਜ ਦਾ ਜਾਇਜ਼ਾ ਲੈਣ ਲਈ EQAO ਟੈਸਟਾਂ ਦੇ ਨਤੀਜਿਆਂ ਨੂੰ ਰਿਪੋਰਟ ਕਾਰਡ ਦੇ ਗਰੇਡਾਂ ਅਤੇ ਕਲਾਸਰੂਮ ਦੇ ਮੁਲਾਂਕਣ ਦੇ ਨਤੀਜਿਆਂ ਵਰਗੀਆਂ ਹੋਰ ਸਫਲਤਾਵਾਂ ਬਾਰੇ ਜਾਣਕਾਰੀ ਤੇ ਇਕੋ ਸਮੇਂ ਵਿਚਾਰ ਕਰਨਾ ਸਭ ਤੋਂ ਵਧੀਆ ਢੰਗ ਹੈ।

## ਮੈਂ ਨਤੀਜਿਆਂ ਦਾ ਸਭ ਤੋਂ ਵਧੀਆ ਕਿਸ ਢੰਗ ਨਾਲ ਇਸਤੇਮਾਲ ਕਰ ਸਕਦਾ/ਸਕਦੀ ਹਾਂ?

ਆਪਣੇ ਬੱਚੇ ਦੇ EQAO ਟੈਸਟਾਂ ਦੇ ਨਤੀਜਿਆਂ ਨਾਲ ਸਭ ਤੋਂ ਅਹਿਮ ਕੰਮ ਜੋ ਤੁਸੀਂ ਕਰ ਸਕਦੇ ਹੋ, ਉਹ ਹੈ ਬੱਚੇ ਦੇ ਅਧਿਆਪਕ ਨਾਲ ਉਸ ਦੀ ਸਮੁੱਚੇ ਤੌਰ ਤੇ ਪ੍ਰਗਤੀ ਸਮੇਤ ਉਨ੍ਹਾਂ ਤੇ ਵਿਚਾਰ ਵਟਾਂਦਰਾ ਕਰਨਾ।

ਤੁਸੀਂ ਇਸ ਬਾਰੇ ਵਿਚਾਰ ਵਟਾਂਦਰਾ ਕਰ ਸਰਦੇ ਹੋ ਕਿ

- EQAO ਨਤੀਜਿਆਂ ਅਤੇ ਤੁਹਾਡੇ ਬੱਚੇ ਦੇ ਕਲਾਸਰੂਮ ਵਿਚ ਅੱਜਕੱਲ੍ਹ ਹੋ ਰਹੇ ਕੰਮ ਵਿਚਕਾਰ ਕੋਈ ਪੈਟਰਨ ਹਨ;
- ਕਿਹੜੀਆਂ ਕੁਸ਼ਲਤਾਵਾਂ ਨੂੰ ਵੱਧ ਧਿਆਣ ਦੇਣ ਦੀ ਲੋੜ ਹੈ ਅਤੇ
- ਇਹ ਯਕੀਨੀ ਬਣਾਉਣ ਲਈ ਕਿ ਬੱਚਾ ਆਪਣੀਆਂ ਪੂਰੀਆਂ ਸੰਭਾਵਨਾਵਾਂ ਤਕ ਪਹੁੰਚ ਸਕੇ, ਤੁਸੀਂ ਇਕੱਠੇ ਕੰਮ ਕਿਸ ਤਰ੍ਹਾਂ ਕਰ ਸਕਦੇ ਹੋ।

## ਓਨਟਾਰੀਓ ਪੂਰੇ ਸੂਬੇ ਵਿਚ ਇਹ ਟੈਸਟ ਕਿਉਂ ਕਰਵਾਉਂਦਾ ਹੈ?

ਓਨਟਾਰੀਓ ਦੇ ਪੂਰੇ ਸੂਬੇ ਵਿਚ ਕਰਵਾਏ ਜਾਂਦੇ ਟੈਸਟਾਂ ਇਹ ਜਾਨਣ ਦਾ ਇਕ ਨਿਰਪੱਖ ਅਤੇ ਭਰੋਸੇਮੰਦ ਢੰਗ ਉਪਲਬਧ ਕਰਦੇ ਹਨ ਕਿ *ਓਨਟਾਰੀਓ ਪਾਠਕ੍ਰਮ* ਵਿਚ ਪੜ੍ਹਨ, ਲਿਖਣ ਅਤੇ ਗਣਿਤ ਦੀਆਂ ਕੁਸ਼ਲਤਾਵਾਂ ਦੀ ਜੋ ਪਰਿਭਾਸ਼ਾ ਦਿੱਤੀ ਗਈ ਹੈ, ਵਿਦਿਆਰਥੀ ਉਨ੍ਹਾਂ ਨੂੰ ਕਿੰਨੀ ਚੰਗੀ ਤਰ੍ਹਾਂ ਸਿੱਖ ਰਹੇ ਹਨ। ਇਹ ਟੈਸਟ ਸਹਾਇਤਾ ਕਰਦੇ ਹਨ

- ਐਲੀਮੈਂਟਰੀ ਤੋਂ ਸੈਕੰਡਰੀ ਸਕੂਲ ਤਕ ਹਰ ਬੱਚੇ ਦੀ ਸਫਲਤਾ ਦੀ ਜਾਣਕਾਰੀ ਰੱਖਣ ਵਿਚ;
- ਸਕੂਲ, ਬੋਰਡ ਅਤੇ ਸੂਬਾਈ ਪੱਧਰ ਤੇ ਵਿਦਿਆਰਥੀਆਂ ਦੀ ਸਿੱਖਿਆ ਦੇ ਰੁਝਾਨਾਂ ਦੀ ਪਛਾਣ ਕਰਨ ਵਿਚ;
- ਪਾਠਕ੍ਰਮ ਵਿਚ ਉਨ੍ਹਾਂ ਹਿੱਸਿਆਂ ਦਾ ਪਤਾ ਲਗਦਾ ਹੈ ਜਿਹੜੇ ਜ਼ਿਆਦਾ ਧਿਆਨ ਮੰਗਦੇ ਹਨ ਅਤੇ
- ਸਿੱਖਿਆ ਦੇ ਸਰਕਾਰੀ ਸਿਸਟਮ (ਸਿਲਸਿਲੇ) ਦੀ ਜਵਾਬਦੇਹੀ ਮਜਬੂਤ ਹੁੰਦੀ ਹੈ।

## ਕਲਾਸਰੂਮ ਦੇ ਟੈਸਟਾਂ ਤੋਂ ਇਲਾਵਾ ਸਾਨੂੰ EQAO ਟੈਸਟਾਂ ਦੀ ਕਿਉਂ ਜ਼ਰੂਰਤ ਹੈ?

EQAO ਟੈਸਟ ਅਤੇ ਕਲਾਸਰੂਮ ਟੈਸਟਾਂ ਦੇ ਵੱਖਰੇ ਵੱਖਰੇ ਟੀਚੇ ਹਨ ਅਤੇ ਦੋਵੇਂ ਵੱਖ ਵੱਖ ਤਰ੍ਹਾਂ ਦੀ ਜਾਣਕਾਰੀ ਮੁਹੱਈਆ ਕਰਦੇ ਹਨ।

### ਕਲਾਸਰੂਮ ਟੈਸਟ

- ਇਹ ਮਾਪਦੇ ਹਨ ਕਿ ਵਿਦਿਆਰਥੀਆਂ ਨੇ ਵਿਸ਼ੇਸ਼ ਜਾਣਕਾਰੀ ਕਿੰਨੀ ਚੰਗੀ ਤਰ੍ਹਾਂ ਹਾਸਲ ਕੀਤੀ ਹੈ;
- ਨਤੀਜੇ ਜਲਦੀ ਮਿਲਦੇ ਹਨ ਜਿਨ੍ਹਾਂ ਨੂੰ ਅਧਿਆਪਕ ਆਪਣੇ ਪੜ੍ਹਾਉਣ ਦੇ ਢੰਗ ਨੂੰ ਉਨ੍ਹਾਂ ਦੇ ਅਨੁਕੂਲ ਕਰਨ ਲਈ ਇਸਤੇਮਾਲ ਕਰ ਸਕਦਾ ਹੈ;
- ਹਰ ਵਿਦਿਆਰਥੀ ਬਾਰੇ ਅਧਿਆਪਕ ਦੀ ਜਾਣਕਾਰੀ ਦੇ ਆਧਾਰ ਤੇ, ਇਨ੍ਹਾਂ ਵਿਚ ਕੋਈ ਵਿਅਕਤੀਗਤ ਹਿੱਸਾ ਹੋ ਸਕਦਾ ਹੈ, ਅਤੇ
- ਅਜਿਹੇ ਨਤੀਜੇ ਉਪਲਬਧ ਕਰਦੇ ਹਨ, ਜਿਨ੍ਹਾਂ ਦਾ ਸਕੂਲ, ਬੋਰਡ ਜਾਂ ਸੂਬਾ ਦੇ ਨਤੀਜਿਆਂ ਨਾਲ ਮੁਕਾਬਲਾ ਨਾ ਕੀਤਾ ਜਾ ਸਕਦਾ ਹੋਵੇ।

### EQAO ਟੈਸਟਸ

- ਸੂਬਾਈ ਮਿਆਰ ਨੂੰ ਮਾਹਮਣੇ ਰੱਖ ਕੇ ਵਿਦਿਆਰਥੀ ਦੇ ਸਮੁੱਚੇ ਤੌਰ ਤੇ ਪੂਰੇ ਗਿਆਨ ਅਤੇ ਉਸ ਦੀਆਂ ਕੁਸ਼ਲਤਾਵਾਂ ਨੂੰ ਮਾਪਦਾ ਹੈ;
- ਵਿਦਿਆਰਥੀ ਦੀ ਸਿੱਖਿਆ ਦੇ ਅਹਿਮ ਪੜਾਵਾਂ ਤੇ ਲਏ ਜਾਂਦੇ ਹਨ;
- ਇਹ ਨਿਰਪੱਖ ਅਤੇ ਦ੍ਰਿੜ ਢੰਗ ਨਾਲ ਕਰਵਾਏ ਜਾਂਦੇ ਹਨ, ਇਨ੍ਹਾਂ ਦੇ ਨੰਬਰ ਦਿੱਤੇ ਜਾਂਦੇ ਹਨ ਅਤੇ ਰਿਪੋਰਟਾਂ ਦਿੱਤੀਆਂ ਜਾਂਦੀਆਂ ਹਨ ਅਤੇ
- ਅਜਿਹੇ ਨਤੀਜੇ ਉਪਲਬਧ ਕਰਦੇ ਹਨ ਜਿਨ੍ਹਾਂ ਦਾ ਸਾਲ ਦਰ ਸਾਲ ਸਕੂਲ, ਬੋਰਡ ਅਤੇ ਸੂਬਾ ਪੱਧਰ ਤੇ ਮੁਕਾਬਲਾ ਕੀਤਾ ਜਾ ਸਕਦਾ ਹੈ।

EQAO ਟੈਸਟਾਂ ਦੇ ਨਤੀਜਿਆਂ ਤੇ ਕਲਾਸਰੂਮ ਟੈਸਟਾਂ ਦੇ ਨਤੀਜਿਆਂ ਨਾਲ ਇਕੱਠਿਆਂ ਵਿਚਾਰ ਕਰਨ ਨਾਲ ਹਰ ਵਿਦਿਆਰਥੀ ਦੀ ਸਿੱਖਿਆ ਦੀ ਤਸਵੀਰ ਹੋਰ ਵੱਧ ਪੂਰੀ ਹੋ ਜਾਂਦੀ ਹੈ।

ਹੋਰ ਵੱਧ ਜਾਣਕਾਰੀ ਲਈ www.eqao.com ਵੇਖੋ।

Cette publication est disponible en français.

Education Quality and Accountability Office
2 Carlton Street, Suite 1200, Toronto ON  M5B 2M9
1-888-327-7377 | www.eqao.com

© 2011 Queen's Printer for Ontario